**Series E1GFH/1**

***Set No. 2***

**Q.P. Code 222/1/2**

*Roll No.*

| | | | | | | | |
|---|---|---|---|---|---|---|---|
| | | | | | | | |

*Candidates must write the Q.P. Code on the title page of the answer-book.*

# ਇਤਿਹਾਸ
## (ਪੰਜਾਬੀ ਉਲਥਾ)
# HISTORY
## (Punjabi Version)

*ਸਮਾਂ ਸੀਮਾਂ : 3 ਘੰਟੇ* | *ਪੂਰਨ ਅੰਕ : 80*

*Time allowed : 3 hours* | *Maximum Marks : 80*

| | ਨੋਟ | | NOTE |
|---|---|---|---|
| (I) | ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ ਛਪੇ ਹੋਏ **13** ਪੰਨੇ **+ 1** ਮਾਨਚਿੱਤਰ ਹਨ । | (I) | *Please check that this question paper contains **13** printed pages **+ 1** Map.* |
| (II) | ਪ੍ਰਸ਼ਨ ਪੱਤਰ ਵਿਚ ਸੱਜੇ ਹੱਥ ਦੇ ਵਲ ਦਿੱਤੇ ਗਏ ਪ੍ਰਸ਼ਨ ਪੱਤਰ ਕੋਡ ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਉਪਰ ਲਿਖਣ । | (II) | *Q.P. Code given on the right hand side of the question paper should be written on the title page of the answer-book by the candidate.* |
| (III) | ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ **34** ਪ੍ਰਸ਼ਨ ਹਨ । | (III) | *Please check that this question paper contains **34** questions.* |
| (IV) | **ਕਿਰਪਾ ਕਰਕੇ ਪ੍ਰਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਉੱਤਰ ਪੁਸਤਿਕਾ ਵਿਚ ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿਖੋ ।** | (IV) | ***Please write down the serial number of the question in the answer-book before attempting it.*** |
| (V) | ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇ ਵਿਚ ਉਹ ਉੱਤਰ ਪੁਸਤਿਕਾ ਵਿਚ ਕੋਈ ਉੱਤਰ ਨਹੀ ਲਿਖਣਗੇ । | (V) | *15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.* |

***ਵਿਆਪਕ ਨਿਰਦੇਸ਼ :***

*ਹੇਠ ਲਿੱਖੇ ਨਿਰਦੇਸ਼ਾਂ ਨੂੰ ਬਹੁਤ ਧਿਆਨ ਨਾਲ ਪੜ੍ਹੋ ਅਤੇ ਉਨ੍ਹਾਂ ਦਾ ਸਖਤੀ ਨਾਲ ਪਾਲਨ ਕਰੋ :*

*(i)* *ਇਸ ਪ੍ਰਸ਼ਨ ਪੱਤਰ ਵਿਚ **34** ਪ੍ਰਸ਼ਨ ਹਨ । **ਸਾਰੇ** ਪ੍ਰਸ਼ਨ **ਜ਼ਰੂਰੀ** ਹਨ ।*

*(ii)* *ਇਹ ਪ੍ਰਸ਼ਨ ਪੱਤਰ **ਪੰਜ** ਖੰਡਾਂ ਵਿਚ ਵੰਡਿਆ ਹੋਇਆ ਹੈ – **ਕ, ਖ, ਗ, ਘ** ਅਤੇ **ਙ** ।*

*(iii)* ***ਖੰਡ ਕ** ਵਿਚ ਪ੍ਰਸ਼ਨ ਸੰਖਿਆ **1** ਤੋਂ **21** ਤਕ ਬਹੁਵਿਕਲਪੀ (MCQ) ਪ੍ਰਕਾਰ ਦੇ **ਇਕ-ਇਕ** ਅੰਕ ਦੇ ਪ੍ਰਸ਼ਨ ਹਨ ।*

*(iv)* ***ਖੰਡ ਖ** ਵਿਚ ਪ੍ਰਸ਼ਨ ਸੰਖਿਆ **22** ਤੋਂ **27** ਤਕ ਛੋਟੇ ਉੱਤਰ (SA) ਪ੍ਰਕਾਰ ਦੇ **ਤਿੰਨ-ਤਿੰਨ** ਅੰਕਾਂ ਦੇ ਪ੍ਰਸ਼ਨ ਹਨ । ਇਨ੍ਹਾਂ ਪ੍ਰਸ਼ਨਾਂ ਦੇ ਉੱਤਰ 60 ਤੋਂ 80 ਸ਼ਬਦਾਂ ਦੀ ਸ਼ਬਦ ਸੀਮਾ ਵਿਚ ਲਿਖਿਆ ਜਾਣਾ ਚਾਹੀਦਾ ਹੈ ।*

*(v)* ***ਖੰਡ ਗ** ਵਿਚ ਪ੍ਰਸ਼ਨ ਸੰਖਿਆ **28** ਤੋਂ **30** ਤਕ ਲੰਬੇ ਉੱਤਰ (LA) ਪ੍ਰਕਾਰ ਦੇ **ਅੱਠ-ਅੱਠ** ਅੰਕਾਂ ਦੇ ਪ੍ਰਸ਼ਨ ਹਨ । ਇਨ੍ਹਾਂ ਪ੍ਰਸ਼ਨਾਂ ਦੇ ਉੱਤਰ 300 ਤੋਂ 350 ਸ਼ਬਦਾਂ ਦੀ ਸ਼ਬਦਾਂ ਦੀ ਸ਼ਬਦ ਸੀਮਾ ਵਿਚ ਲਿਖਿਆ ਜਾਣਾ ਚਾਹੀਦਾ ਹੈ ।*

*(vi)* ***ਖੰਡ ਘ** ਵਿਚ ਪ੍ਰਸ਼ਨ ਸੰਖਿਆ **31** ਤੋਂ **33** ਤਕ ਸਰੋਤ ਅਧਾਰਿਤ ਪ੍ਰਸ਼ਨ ਹਨ, ਜਿਨ੍ਹਾਂ ਵਿਚ ਤਿੰਨ ਉਪ-ਪ੍ਰਸ਼ਨ ਹਨ, ਹਰ ਇਕ **ਚਾਰ-ਚਾਰ** ਅੰਕਾਂ ਦੇ ਪ੍ਰਸ਼ਨ ਹਨ ।*

*(vii)* ***ਖੰਡ ਙ** ਵਿਚ ਪ੍ਰਸ਼ਨ ਸੰਖਿਆ **34** ਮਾਨਚਿੱਤਰ ਅਧਾਰਿਤ **ਪੰਜ** ਅੰਕਾਂ ਦਾ ਪ੍ਰਸ਼ਨ ਹੈ ਜਿਸ ਵਿਚ ਮਹਤਵਪੂਰਣ ਪ੍ਰੀਖਣ, ਵਸਤੂਆਂ ਦੀ ਪਛਾਣ ਅਤੇ ਸਥਾਨ ਸ਼ਾਮਿਲ ਹੈ । ਇਸ ਮਾਨਚਿੱਤਰ ਨੂੰ ਉੱਤਰ ਪੁਸਤਕ ਦੇ ਨਾਲ ਨੱਥੀ ਕਰੋ ।*

*(viii)* *ਪ੍ਰਸ਼ਨ ਪੱਤਰ ਵਿਚ ਕੋਈ ਵਿਆਪਕ ਵਿਕਲਪ ਨਹੀਂ ਹੈ । ਹਾਲਾਂਕਿ ਕੁਝ ਪ੍ਰਸ਼ਨਾਂ ਵਿਚ ਅੰਦਰੂਨੀ ਵਿਕਲਪ ਦਿਤੇ ਗਏ ਹਨ । ਇਨ੍ਹਾਂ ਪ੍ਰਸ਼ਨਾਂ ਵਿਚੋਂ ਸਿਰਫ ਇਕ ਹੀ ਪ੍ਰਸ਼ਨ ਦਾ ਉੱਤਰ ਲਿਖੋ ।*

*(ix)* *ਇਸ ਤੋਂ ਇਲਾਵਾ, ਹਰ ਇਕ ਖੰਡ ਅਤੇ ਪ੍ਰਸ਼ਨ ਨਾਲ, ਜਿਥੇ ਲੋੜ ਹਨ, ਨਿਰਦੇਸ਼ ਦਿਤੇ ਗਏ ਹਨ ।*

## ਖੰਡ ਕ

**(ਬਹੁਵਿਕਲਪੀ ਪ੍ਰਕਾਰ ਦੇ ਪ੍ਰਸ਼ਨ)** *21×1=21*

**1.** ਹੜੱਪਾ ਸੰਸਕ੍ਰਿਤੀ ਦੇ ਪ੍ਰਾਚੀਨ ਪੁਰਾਸਥਲ 'ਧੌਲਾਵੀਰਾ', ਆਧੁਨਿਕ ਭਾਰਤ ਦੇ ਕਿਸ ਰਾਜ ਵਿੱਚ ਸਥਿਤ ਹੈ ?

(a) ਹਰਿਆਣਾ (b) ਹਿਮਾਚਲ ਪ੍ਰਦੇਸ਼

(c) ਰਾਜਸਥਾਨ (d) ਗੁਜਰਾਤ

**2.** ਹੇਠ ਦਿਤੀ ਜਾਣਕਾਰੀ ਦੀ ਮਦਦ ਨਾਲ ਮਹਾਭਾਰਤ ਦੇ ਇਸ ਪਾਤ੍ਰ ਦੀ ਪਛਾਣ ਕਰੋ :

- ਉਸਦਾ ਸੰਬੰਧ ਰਾਖਸ਼ ਕਬੀਲੇ ਨਾਲ ਸੀ ।
- ਉਸਦਾ ਵਿਆਹ ਭੀਮ ਨਾਲ ਹੋਇਆ ਸੀ ।
- ਇਹ ਘਟੋਤਕਚ ਦੀ ਮਾਂ ਸੀ ।

(a) ਭੀਲਨੀ (b) ਸੁਭਦਰਾ

(c) ਦਰੋਪਦੀ (d) ਹਿਡਿੰਬਾ

**3.** ਹੇਠ ਲਿਖਿਆਂ ਵਿਚੋਂ ਕਿਸ ਸ਼ਾਸਕ ਨੇ 'ਸੁਦਰਸ਼ਨ ਝੀਲ' ਨੂੰ ਦੁਬਾਰਾ ਬਣਵਾਇਆ ?

(a) ਸਿਰੀ ਸਤਕਰਨੀ (b) ਸ਼ਾਕਾਸੇਨ

(c) ਸਿਰੀ ਵਿਜੈ ਸਤਕਰਨੀ (d) ਰੁਦਰਦਮਨ

**4.** ਹੇਠ ਲਿਖਿਆਂ ਵਿਚ ਕਿਹੜੀ ਸਤੂਪ ਦੀ ਇਕ ਸੰਰਚਨਾਤਮਕ ਵਿਸ਼ੇਸ਼ਤਾ ***ਨਹੀਂ*** ਹੈ ?

(a) ਹਰਮਿਕਾ (b) ਛਤਰੀ

(c) ਗਰਭ ਗਰਹਿ (d) ਤੋਰਣ ਦਵਾਰ (ਗੇਟ ਵੇ)

**5.** ਹੇਠ ਲਿਖਿਆਂ ਵਿਚੋਂ *'ਦ ਸਟੋਰੀ ਆਫ ਇੰਡੀਅਨ ਆਰਕਿਆਲੋਜੀ'* ਪੁਸਤਕ ਦੇ ਲੇਖਕ ਕੌਣ ਹਨ ?

(a) ਆਰ.ਡੀ. ਬੈਨਰਜੀ (b) ਡੀ.ਆਰ. ਸਾਹਨੀ

(c) ਐਸ.ਐਨ. ਰਾਇ (d) ਬੀ.ਬੀ. ਲਾਲ

**6.** ਪੰਜਵੀਂ ਸ਼ਤਾਬਦੀ ਦਾ 'ਦੇਵਗੜ੍ਹ ਮੰਦਰ' ਭਾਰਤ ਦੇ ਕਿਸ ਰਾਜ ਵਿਚ ਸਥਿਤ ਹੈ ?

(a) ਬਿਹਾਰ
(b) ਪੱਛਮੀ ਬੰਗਾਲ
(c) ਉੜੀਸਾ
(d) ਉੱਤਰ ਪ੍ਰਦੇਸ਼

**7.** ਹੇਠ ਲਿਖਿਆਂ ਵਿਚੋਂ ਕਿਹੜੇ ਸ਼ਾਸਕ ਨੇ ਆਪਣੀ ਪਰਜਾ ਅਤੇ ਅਧਿਕਾਰਿਆਂ ਦੇ ਲਈ ਸੰਦੇਸ਼ਾਂ ਨੂੰ ਪਹਿਲੀ ਵਾਰ ਲਿਖਿਤ ਰੂਪ (ਅਭਿਲੇਖਾਂ) ਵਿਚ ਦਰਸਾਇਆ ?

(a) ਚੰਦਰਗੁਪਤ
(b) ਸਮੁਦ੍ਰਗੁਪਤ
(c) ਅਸ਼ੋਕ
(d) ਬਿੰਦੂਸਾਰ

**8.** ਹੇਠ ਲਿਖੀ ਜਾਣਕਾਰੀ ਦੀ ਸਹਾਇਤਾ ਨਾਲ ਵਿਜੈਨਗਰ ਦੇ ਰਾਜਵੰਸ਼ ਦੀ ਪਛਾਣ ਕਰੋ :

- ਹਰੀਹਰ ਅਤੇ ਬੁੱਕਾ ਇਸ ਹੀ ਰਾਜਵੰਸ਼ ਦੇ ਸਨ ।
- ਇਨ੍ਹਾਂ ਨੇ ਹੀਰਿਆ ਨਹਿਰ ਬਣਵਾਈ ।
- ਇਹ ਵਿਜੈਨਗਰ ਸਾਮਰਾਜ ਦਾ ਸਭ ਤੋਂ ਪਹਿਲਾ ਰਾਜਵੰਸ਼ ਸੀ ।

(a) ਸੰਗਮ
(b) ਸਲੁਵ
(c) ਤੁਲੁਵ
(d) ਅਰਾਵਿਡੁ

**9.** ਹੇਠ ਲਿਖਿਆਂ ਨੂੰ ਕਾਲ-ਕ੍ਰਮ ਅਨੁਸਾਰ ਇਕ ਲੜੀ ਵਿਚ ਵਿਵਸਥਿਤ ਕਰੋ ਅਤੇ ਹੇਠ ਲਿਖੇ ਵਿਕਲਪਾਂ ਵਿਚੋਂ ਸਹੀ ਵਿਕਲਪ ਚੁਣੋ :

(i) ਗੁਰੂ ਗੋਬਿੰਦ ਸਿੰਘ
(ii) ਗੁਰੂ ਅਰਜਨ ਦੇਵ
(iii) ਗੁਰੂ ਹਰਕਿਸ਼ਨ ਦੇਵ
(iv) ਗੁਰੂ ਨਾਨਕ ਦੇਵ

ਵਿਕਲਪ :

(a) (i), (iv), (iii), (ii)
(b) (ii), (iii), (iv), (i)
(c) (iii), (i), (ii), (iv)
(d) (iv), (ii), (iii), (i)

**10.** ਹੇਠ ਦੋ ਕਥਨ ਦਿਤੇ ਗਏ ਹਨ, ਦਰਿੜਕਥਨ (A) ਅਤੇ ਕਾਰਨ (R)। ਹੇਠ ਲਿਖੇ ਨੂੰ ਧਿਆਨ ਨਾਲ ਪੜ੍ਹੋ ਅਤੇ ਸਹੀ ਵਿਕਲਪ ਚੁਣੋ :

*ਦਰਿੜਕਥਨ (A) :* ਮੀਰਾਬਾਈ ਨਿਰਗੁਣ ਭਗਤੀ ਪਰੰਪਰਾ ਦੀ ਕਵਿਤਰੀ ਸੀ ।

*ਕਾਰਨ (R) :* ਉਹ ਸਦੀਆਂ ਤੋਂ ਪ੍ਰੇਰਨਾ ਸਰੋਤ ਰਹੀ ਹੈ ।

(a) ਦਰਿੜਕਥਨ (A) ਅਤੇ ਕਾਰਨ (R) ਦੋਨੋਂ ਸਹੀ ਹਨ ਅਤੇ ਕਾਰਨ (R), ਦਰਿੜਕਥਨ (A) ਦੀ ਸਹੀ ਵਿਆਖਿਆ ਕਰਦਾ ਹੈ ।

(b) ਦਰਿੜਕਥਨ (A) ਅਤੇ ਕਾਰਨ (R) ਦੋਨੋਂ ਸਹੀ ਹਨ, ਪਰ ਕਾਰਨ (R), ਦਰਿੜਕਥਨ (A) ਦੀ ਸਹੀ ਵਿਆਖਿਆ ***ਨਹੀਂ*** ਕਰਦਾ ਹੈ ।

(c) ਦਰਿੜਕਥਨ (A) ਸਹੀ ਹੈ, ਪਰ ਕਾਰਨ (R) ਸਹੀ ਨਹੀਂ ਹੈ ।

(d) ਦਰਿੜਕਥਨ (A) ਸਹੀ ਨਹੀਂ ਹੈ, ਪਰ ਕਾਰਨ (R) ਸਹੀ ਹੈ ।

**11.** ਹੇਠ ਲਿਖਿਆਂ ਵਿਚੋਂ ਕਿਹੜਾ ਜੋੜਾ ਸਹੀ ਮਿਲਿਆ ਹੈ ?

(a) ਇੱਬਨ ਬਤੂਤਾ – ਪੁਰਤਗਾਲੀ

(b) ਫ੍ਰੈਂਕੋਇਸ ਬਰਨੀਯਰ – ਫਰਾਂਸੀਸੀ

(c) ਦੁਆਰਤੇ ਬਰਬੋਸਾ – ਮੋਰੋਕਨ

(d) ਮਨੁਚੀ – ਸਪੇਨਿਸ਼

**12.** ਹੇਠ ਦੋ ਕਥਨ ਦਿਤੇ ਗਏ ਹਨ, ਦਰਿੜਕਥਨ (A) ਅਤੇ ਕਾਰਨ (R)। ਹੇਠ ਲਿਖੇ ਨੂੰ ਧਿਆਨ ਨਾਲ ਪੜ੍ਹੋ ਅਤੇ ਸਹੀ ਵਿਕਲਪ ਚੁਣੋ :

*ਦਰਿੜਕਥਨ (A) :* ਫ੍ਰੈਂਕੋਇਸ ਬਰਨਿਅਰ ਨੇ ਮੁਗਲ ਬਾਦਸ਼ਾਹ ਨੂੰ 'ਜ਼ਾਲਮ ਰਾਜਾ' ਕਿਹਾ ਸੀ ।

*ਕਾਰਨ (R) :* ਰਾਜਕੀ ਧਰਤੀ ਦੀ ਮਾਲਕੀਯਤ ਇਸਦਾ ਕਾਰਨ ਸੀ ।

(a) ਦਰਿੜਕਥਨ (A) ਅਤੇ ਕਾਰਨ (R) ਦੋਨੋਂ ਸਹੀ ਹਨ ਅਤੇ ਕਾਰਨ (R), ਦਰਿੜਕਥਨ (A) ਦੀ ਸਹੀ ਵਿਆਖਿਆ ਕਰਦਾ ਹੈ ।

(b) ਦਰਿੜਕਥਨ (A) ਅਤੇ ਕਾਰਨ (R) ਦੋਨੋਂ ਸਹੀ ਹਨ, ਪਰ ਕਾਰਨ (R), ਦਰਿੜਕਥਨ (A) ਦੀ ਸਹੀ ਵਿਆਖਿਆ ***ਨਹੀਂ*** ਕਰਦਾ ਹੈ ।

(c) ਦਰਿੜਕਥਨ (A) ਅਤੇ ਕਾਰਨ (R) ਦੋਨੋਂ ਸਹੀ ਨਹੀਂ ਹੈ ।

(d) ਦਰਿੜਕਥਨ (A) ਸਹੀ ਹੈ, ਪਰ ਕਾਰਨ (R) ਸਹੀ ਨਹੀਂ ਹੈ ।

**13.** ਹੇਠ ਲਿਖਿਆਂ ਵਿਚੋਂ ਕਿਹੜਾ ਕਥਨ ਇਬਨ ਬਤੂਤਾ ਦੇ ਬਾਰੇ ਸਹੀ ***ਨਹੀਂ*** ਹੈ ?

(a) ਭਾਰਤ ਵਿਚ ਆਣ ਵਾਲਾ ਉਹ ਇਕ ਮੋਰੱਕੋ ਯਾਤ੍ਰੀ ਸੀ ।

(b) ਉਸਦੀ ਯਾਤਰਾ ਦੇ ਬਿਓਰੇ ਦੀ ਕਿਤਾਬ ਨੂੰ *'ਬਾਦਸ਼ਾਹਨਾਮਾ'* ਕਹਿੰਦੇ ਸਨ ।

(c) ਉਹ ਸ਼ਰਿਯਾ ਜਾਂ ਇਸਲਾਮ ਧਰਮ ਦੇ ਕਨੂੰਨ ਦਾ ਮਾਹਿਰ ਸੀ ।

(d) ਉਸਨੇ ਮੱਕਾ ਦੀ ਤੀਰਥ ਯਾਤਰਾ ਕੀਤੀ ਸੀ ।

**14.** ਅਕਬਰ ਦੇ ਰਾਜ ਸਮੇਂ ਧਰਤੀ ਨੂੰ ਚਾਰ ਭਾਗਾਂ ਵਿਚ ਵਰਗੀਕ੍ਰਿਤ ਗਿਆ ਸੀ । ਹੇਠ ਲਿਖਿਆਂ ਚਾਰ ਵਰਗਾਂ ਵਿਚੋਂ ਕਿਹੜਾ ਸਭ ਤੋਂ ਚੰਗਾ ਮੰਨਿਆ ਜਾਂਦਾ ਸੀ ?

(a) ਪੋਲਜ (b) ਪਰੌਤੀ

(c) ਚੱਚਰ (d) ਬੰਜਰ

**15.** ਹੇਠ ਲਿਖੀ ਜਾਣਕਾਰੀ ਦੀ ਸਹਾਇਤਾ ਨਾਲ ਅੰਗ੍ਰੇਜ਼ ਈਸਟ ਇੰਡੀਆ ਕੰਪਨੀ ਦੇ ਅਫਸਰ ਦੀ ਪਛਾਣ ਕਰੋ :

- ਉਹ ਲਾਰਡ ਵੇਲਸਲੀ ਦਾ ਚਿਕਿਤਸਕ (ਡਾਕਟਰ) ਸੀ
- ਉਸਨੇ ਬੰਗਾਲ ਦਾ ਵਿਸਤਾਰ ਨਾਲ ਸਰਵੇਖਣ ਕੀਤਾ
- ਉਸਨੇ ਕਲਕੱਤਾ ਵਿਚ ਚਿੜਿਆਘਰ ਦੀ ਸਥਾਪਨਾ ਕੀਤੀ ਸੀ

(a) ਕੋਲਿਨ ਮੈਕੇਂਨਜ਼ੀ (b) ਜਾੱਨ ਮਾਰਸ਼ਲ

(c) ਮਾਰਕੋ ਪੋਲੋ (d) ਫਰਾਂਸਿਸ ਬੁਕਾਨਿਨ

**16.** ਹੇਠ ਲਿਖਿਆਂ ਵਿਚੋਂ ਕਿਹੜੇ ਵਿਕਲਪ ਦਾ ਮਿਲਾਨ ਸਹੀ ਹੈ ?

(a) ਝਾਂਸੀ – ਬਹਾਦਰ ਸ਼ਾਹ

(b) ਅਰਰਾਹ – ਕੁੰਵਰ ਸਿੰਘ

(c) ਦਿੱਲੀ – ਵਾਜਿਦ ਅਲੀ ਸ਼ਾਹ

(d) ਅਵਧ – ਲਕਸ਼ਮੀ ਬਾਈ

17. ਹੇਠ ਲਿਖਿਆਂ ਵਿਕਲਪਾਂ ਵਿਚੋਂ ਸਹੀ ਜੋੜੇ ਨੂੰ ਚੁਣੋ :

(a) ਮਹਾਤਮਾ ਗਾਂਧੀ – ਸੰਵਿਧਾਨ ਸਭਾ ਦੇ ਪ੍ਰੇਜ਼ਿਡੇਂਟ

(b) ਜਵਾਹਰਲਾਲ ਨੇਹਰੂ – ਸੰਵਿਧਾਨ ਸੰਭਾ ਦੇ ਵਕੀਲ

(c) ਡਾ. ਰਾਜੇਂਦਰ ਪ੍ਰਸਾਦ – ਉਦੇਸ਼ ਪ੍ਰਸਤਾਵ ਪਾਸ ਕੀਤਾ

(d) ਡਾ. ਬੀ.ਆਰ. ਅੰਬੇਡਕਰ – ਖਰੜਾ (ਪ੍ਰਾਰੂਪ) ਕਮੇਟੀ ਦੇ ਮੁਖੀ (ਚੇਅਰਮੇਨ)

18. ਹੇਠ ਲਿਖਿਆਂ ਵਿਚੋਂ ਕਿਸਨੂੰ 'ਫਰੰਟਿਯਰ ਗਾਂਧੀ' ਕਿਹਾ ਜਾਂਦਾ ਸੀ ?

(a) ਮੌਲਾਨਾ ਆਜ਼ਾਦ

(b) ਖਾਨ ਅਬਦੁਲ ਗੱਫ਼ਾਰ ਖਾਨ

(c) ਗੋਪਾਲ ਕ੍ਰਿਸ਼ਣ ਗੋਖਲੇ

(d) ਦਾਦਾਭਾਈ ਨੌਰੋਜੀ

19. ਹੇਠ ਲਿਖਿਆਂ ਵਿਚੋਂ ਕਿਸਨੇ ਸੰਵਿਧਾਨ ਸਭਾ ਵਿਚ ਇਸਤ੍ਰੀਆਂ ਦੇ ਲਈ ਨਿਆਂ ਦੀ ਮੰਗ ਕੀਤੀ ਸੀ ?

(a) ਏਚ.ਜੇ. ਖਾਂਡੇਕਰ

(b) ਟੀ.ਏ. ਰਾਮਲਿੰਗਮ ਚੇਤਿਆਰ

(c) ਹੰਸਾ ਮੇਹਤਾ

(d) ਜੈਪਾਲ ਸਿੰਘ

20. ਹੇਠ ਲਿਖਿਆਂ ਵਿਚੋਂ ਕਿਹੜੇ ਕਥਨ ਸਹੀ ਹਨ ?

(i) ਅੰਗ੍ਰੇਜ਼ਾ ਨੇ ਭਾਰਤ ਵਿਚ ਪੱਛਮੀ ਸਿਖਿਆ ਦੀ ਸ਼ੁਰੁਆਤ ਕੀਤੀ ।

(ii) ਉਨ੍ਹਾਂ ਨੇ ਅੰਗ੍ਰੇਜ਼ੀ ਮਾਧਿਅਮ ਦੇ ਸਕੂਲ ਅਤੇ ਕਾਲੇਜ ਖੋਲੇ ।

(iii) ਉਨ੍ਹਾਂ ਨੇ ਸਤੀ ਪ੍ਰਥਾ ਨੂੰ ਖਤਮ ਕਰਨ ਦੇ ਲਈ ਕਨੂੰਨ ਬਣਾਏ ।

(iv) ਉਨ੍ਹਾਂ ਨੇ ਵਿਧਵਾ ਵਿਆਹ ਦੀ ਇਜ਼ਾਜ਼ਤ ਨਹੀਂ ਦਿਤੀ ।

ਵਿਕਲਪ :

(a) (i), (ii) ਅਤੇ (iii)

(b) (ii), (iii) ਅਤੇ (iv)

(c) (i), (iii) ਅਤੇ (iv)

(d) (i), (ii) ਅਤੇ (iv)

**21.** ਹੇਠ ਲਿਖਿਆਂ ਵਿਚੋਂ ਕਿਸਨੇ 'ਬੰਗਾਲ ਵਿਚ ਇਸਤਮਰਾਰੀ ਬੰਦੋਬਸਤ' ਲਾਗੂ ਕੀਤਾ ?

(a) ਥਾਮਸ ਮੁਨਰੋ (b) ਚਾਰਲਸ ਕਾਰਨਵਾਲਿਸ

(c) ਵਿਲਿਯਮ ਬੇਨਟਿੰਕ (d) ਹੇਨਰੀ ਹਾਰਡਿੰਗ

## ਖੰਡ ਖ

### (ਛੋਟੇ ਉਤਰ ਪ੍ਰਕਾਰ ਦੇ ਪ੍ਰਸ਼ਨ) *6×3=18*

**22.** (a) ਹੜੱਪਾ ਦੇ ਸ਼ਹਿਰਾਂ ਦੀ ਜਲ ਨਿਕਾਸ ਪ੍ਰਣਾਲੀ ਸ਼ਹਿਰੀ ਨਿਯੋਜਨ (ਪਲੈਨਿੰਗ) ਦਾ ਸੰਕੇਤ ਕਿਵੇਂ ਦਿੰਦੀ ਹੈ ? ਸਪਸ਼ਟ ਕਰੋ । *3*

**ਜਾਂ**

(b) ਹੜੱਪਾ ਦੇ ਲੋਕਾਂ ਰਾਹੀਂ ਮੁਹਰਾਂ ਅਤੇ ਮੁਦਰਾ ਛਾਪਾ ਦੀ ਵਰਤੋਂ ਕਿਉਂ ਕੀਤੀ ਜਾਂਦੀ ਸੀ ? ਸਪਸ਼ਟ ਕਰੋ । *3*

**23.** ਮਹਾਭਾਰਤ ਵਿਚਲੇ ਸਮੇਂ ਪਿਤਰਵੰਸ਼ੀ ਵਿਵਸਥਾ ਨੂੰ ਕਿਵੇਂ ਮਜ਼ਬੂਤ ਕੀਤਾ ਗਿਆ ? ਸਪਸ਼ਟ ਕਰੋ । *3*

**24.** (a) ਕਬੀਰ ਦਾਸ ਜੀ ਦੀਆਂ ਸਿਖਿਆਵਾਂ ਦੀ ਵਿਆਖਿਆ ਕਰੋ । *3*

**ਜਾਂ**

(b) ਚੋਲ ਸ਼ਾਸਕਾਂ ਨੇ ਭਕਤੀ ਪਰੰਪਰਾ ਦਾ ਸਮਰਥਨ ਕਿਵੇਂ ਕੀਤਾ ? ਸਪਸ਼ਟ ਕਰੋ । *3*

**25.** ਇੱਬਨ ਬਤੂਤਾ ਰਾਹੀਂ ਰਚੀ '*ਰਿਹਿੱਲਾ*' ਦੀਆਂ ਕਿਸੇ ਤਿੰਨ ਵਿਸ਼ੇਸ਼ਤਾਵਾਂ ਦੀ ਵਿਆਖਿਆ ਕਰੋ । *3*

**26.** 1857 ਦੇ ਵਿਦਰੋਹ ਨੂੰ ਜਾਣਨ ਦੇ ਲਈ ਕਿਸੇ ਤਿੰਨ ਸਰੋਤਾਂ ਨੂੰ ਸਪਸ਼ਟ ਕਰੋ । *3*

**27.** 18ਵੀਂ ਸ਼ਤਾਬਦੀ ਦੇ ਦੌਰਾਨ ਰਾਜਮਹਲ ਦੀਆਂ ਪਹਾੜੀਆਂ ਦੇ ਪਹਾੜੀ ਲੋਕ ਮੈਦਾਨਾ ਦੇ ਖੇਤੀ ਕਰਨ ਵਾਲੇ ਕਿਸਾਨਾ ਉਪਰ ਹਮਲਾ ਕਿਉਂ ਕਰਦੇ ਸਨ ? ਸਪਸ਼ਟ ਕਰੋ । *3*

## ਖੰਡ ਗ

### (ਲੰਬੇ ਉਤਰ ਪ੍ਰਕਾਰ ਦੇ ਪ੍ਰਸ਼ਨ) *3×8=24*

**28.** (a) 'ਨਮਕ ਸਤਿਆਗਰਹਿ' ਦੇ ਕਾਰਨਾਂ ਅਤੇ ਨਤੀਜਿਆਂ ਦੀ ਪਰਖ ਕਰੋ । *4+4=8*

**ਜਾਂ**

(b) 'ਭਾਰਤ ਛੋੜੋ ਅੰਦੋਲਨ' ਦੇ ਕਾਰਨਾਂ ਅਤੇ ਘਟਨਾਵਾਂ ਦੀ ਪਰਖ ਕਰੋ । *4+4=8*

**29.** (a) *ਮਹਾਨਵਮੀ ਡਿਬਾ* ਦੀਆਂ ਸੰਰਚਨਾਤਮਕ ਅਤੇ ਕਰਮ ਕਾਂਡਾਂ ਸੰਬੰਧੀ ਵਿਸ਼ੇਸ਼ਤਾਵਾਂ ਦੀ ਵਿਆਖਿਆ ਕਰੋ । *4+4=8*

**ਜਾਂ**

(b) ਅਬਦੁਰ ਰੱਜ਼ਾਕ ਰਾਹੀਂ ਲਿਖਿਤ ਵਿਜੈਨਗਰ ਦੀ ਕਿਲੇਬੰਦੀ ਅਤੇ ਸੜਕਾਂ ਦੀ ਮਹਤਤਾ ਦੀ ਵਿਆਖਿਆ ਕਰੋ । *8*

**30.** (a) "ਸਾਂਚੀ ਦਾ ਸਤੂਪ ਬਹੁਤ ਪ੍ਰਾਚੀਨ ਸਮੇਂ ਦੇ ਸਭ ਤੋਂ ਸਰੇਸ਼ਟ ਸੁਰਖਿਅਤ ਸਮਾਰਕਾਂ ਵਿਚੋਂ ਇਕ ਹੈ ।" ਇਸ ਕਥਨ ਦੀ ਵਿਆਖਿਆ ਕਰੋ । *8*

**ਜਾਂ**

(b) ਪੌਰਾਣਿਕ ਹਿੰਦੂ ਧਰਮ ਦੇ ਵਿਕਾਸ ਦੀ ਵਿਆਖਿਆ ਕਰੋ । *8*

## ਖੰਡ ਘ

## (ਸਰੋਤ–ਅਧਾਰਤ ਪ੍ਰਸ਼ਨ) *3×4=12*

**31.** ਹੇਠ ਲਿੱਖੇ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਉਸਦੇ ਹੇਠ ਦਿਤੇ ਪ੍ਰਸ਼ਨਾਂ ਦੇ ਉੱਤਰ ਲਿੱਖੋ : *1+1+2=4*

**ਨਕਦ ਜਾਂ ਜਿਨਸ ?**

*ਆਇਨ* ਤੋਂ ਇਕ ਹੋਰ ਪੈਰਾ ਹੈ :

> *ਅਮੀਲ–ਗੁਜ਼ਾਰ* ਸਿਰਫ ਨਕਦ ਲੈਣ ਦੀ ਆਦਤ ਨਾ ਪਾਏ ਬਲਕਿ ਫਸਲ ਵੀ ਲੈਣ ਲਈ ਤਿਆਰ ਰਹੇ । ਇਹ ਬਾਦ ਵਾਲਾ ਤਰੀਕਾ ਕਈ ਤਰ੍ਹਾਂ ਨਾਲ ਵਰਤੋਂ ਵਿਚ ਲਿਆਇਆ ਜਾ ਸਕਦਾ ਹੈ । ਪਹਿਲਾ, *ਕਨਕੁਤ:* ਹਿੰਦੀ ਜ਼ੁਬਾਨ ਵਿਚ *ਕਣ* ਦਾ ਮਤਲਬ ਹੈ, ਅਨਾਜ ਅਤੇ *ਕੁਤ* ਦਾ ਮਤਲਬ ਹੈ ਅੰਦਾਜ਼ਾ ....... ਜੇਕਰ ਕੋਈ ਸ਼ਕ ਹੋਵੇ, ਤਾਂ ਫਸਲ ਨੂੰ ਤਿੰਨ ਵੱਖੋ ਵੱਖ ਢੇਰੀਆਂ ਵਿਚ ਕਟਣਾ ਚਾਹੀਦਾ ਹੈ – ਬਹੁਤ ਵਧੀਆ, ਵਿਚਲੇ ਮੇਲ ਦੀ ਅਤੇ ਘਟੀਆਂ, ਅਤੇ ਇਸ ਤਰਾਂ ਸ਼ਕ ਦੂਰ ਕਰਨਾ ਚਾਹੀਦਾ ਹੈ । ਅਕਸਰ ਅੰਦਾਜ਼ੇ ਨਾਲ ਕੀਤਾ ਗਿਆ ਜਮੀਨ ਦਾ ਮੁੱਲ ਨਿਰਧਾਰਨ ਵੀ ਕਾਫੀ ਹਦ ਤਕ ਸਹੀ ਨਤੀਜਾ ਦਿੰਦਾ ਹੈ । ਦੂਸਰਾ, *ਬਟਾਈ*, ਜਿਸਨੂੰ *ਭਾਓਲੀ* ਵੀ ਕਹਿੰਦੇ ਹਨ, ਇਸ ਵਿਧੀ ਵਿਚ ਫਸਲ ਕਟ ਕੇ ਜਮਾਂ ਕਰ ਲਈ ਜਾਂਦੀ ਹੈ, ਅਤੇ ਫਿਰ ਸਾਰੇ ਪੱਖਾ ਦੀ ਮੋਜੂਦਗੀ ਵਿਚ ਇਹ ਰਜ਼ਾਮੰਦੀ ਨਾਲ ਵੰਡ ਕਰਦੇ ਹਨ । ਪਰ ਇਸ ਵਿਚ ਕਈ ਸਮਝਦਾਰ ਨਿਰੀਖਕਾਂ ਦੀ ਲੋੜ ਹੁੰਦੀ ਹੈ, ਨਹੀਂ ਤਾਂ ਭੈੜੀ ਸੋਚ ਵਾਲੇ ਚਲਾਕ ਲੋਕ ਧੋਖੇਬਾਜ਼ੀ ਦੀ ਨੀਯਤ ਰਖਦੇ ਹਨ । ਤੀਸਰੇ, *ਖੇਤ ਬਟਾਈ*, ਜਦੋਂ ਉਹ ਬੀਜ ਬੋਣ ਤੋਂ ਪਿਛੋਂ ਖੇਤ ਵੰਡ ਲੈਂਦੇ ਹਨ । ਚੌਥੇ, *ਲਾਂਗ ਬਟਾਈ* ਫਸਲ ਕਟਣ ਤੋਂ ਬਾਦ, ਉਹ ਉਸਦੇ ਢੇਰ ਲਗਾ ਲੈਂਦੇ ਹਨ ਅਤੇ ਫਿਰ ਉਸਨੂੰ ਆਪੋ ਵਿਚ ਵੰਡ ਲੈਂਦੇ ਹਨ, ਅਤੇ ਹਰ ਇਕ (ਪੱਖ) ਆਪਣਾ ਹਿੱਸਾ ਘਰ ਲੈ ਜਾਂਦਾ ਹੈ ਅਤੇ ਉਸ ਤੋਂ ਮੁਨਾਫਾ (ਲਾਭ) ਕਮਾਂਦਾ ਹੈ ।

(31.1) ਨਕਦ ਦੇ ਅਰਥ ਦਾ ਵਰਣਨ ਕਰੋ । *1*

(31.2) *ਅਮੀਲ–ਗੁਜ਼ਾਰ* ਦੀ ਭੂਮਿਕਾ ਦੀ ਵਿਆਖਿਆ ਕਰੋ । *1*

(31.3) *ਲਾਂਗ ਬਟਾਈ* ਦੇ ਤਰੀਕੇ ਦੀ ਵਿਆਖਿਆ ਕਰੋ । *2*

**32.** ਹੇਠ ਲਿਖੇ ਸਰੋਤ ਨੂੰ ਧਿਆਨ ਨਾਲ ਪੜ੍ਹੋ ਅਤੇ ਇਸ ਹੇਠ ਦਿਤੇ ਪ੍ਰਸ਼ਨਾਂ ਦੇ ਉੱਤਰ ਲਿੱਖੋ : *1+1+2=4*

### ਸੈਨਾ ਦੇ ਲਈ ਹਾਥੀ ਪਕੜਨਾ

*ਅਰਥਸ਼ਾਸਤਰ* ਫੌਜੀ ਅਤੇ ਪ੍ਰਸ਼ਾਸਕੀ ਪ੍ਰਬੰਧ ਦੀਆਂ ਬਰੀਕੀਆਂ ਦਾ ਵੇਰਵਾ ਦਰਸਾਂਦਾ ਹੈ । ਇਥੇ ਹਾਥੀ ਨੂੰ ਕਿਵੇਂ ਪਕੜਿਆ ਜਾਂਦਾ ਹੈ ਦੇ ਬਾਰੇ ਦਸਿਆ ਗਿਆ ਹੈ :

> ਹਾਥੀਆਂ ਦੇ ਜੰਗਲਾਂ ਦੇ ਗਾਰਡ, ਜਿਨ੍ਹਾਂ ਦੀ ਸਹਾਇਤਾ ਕਰਦੇ ਹਨ – ਉਹ ਲੋਕ ਜਿਹੜੇ ਹਾਥੀਆਂ ਨੂੰ ਪਾਲਦੇ ਹਨ, ਜਿਹੜੇ ਹਾਥੀਆਂ ਦੀਆਂ ਲਤਾਂ ਨੂੰ ਜੰਜੀਰਾਂ ਨਾਲ ਬੰਨ੍ਹਦੇ ਹਨ, ਜਿਹੜੇ ਸਰਹਦਾਂ ਦੀ ਰਾਖੀ ਕਰਦੇ ਹਨ, ਜਿਹੜੇ ਜੰਗਲਾਂ ਵਿਚ ਰਹਿੰਦੇ ਹਨ ਅਤੇ ਉਹ ਲੋਕ ਜਿਹੜੇ ਹਾਥੀਆਂ ਦੀ ਸੇਵਾ ਅਤੇ ਉਪਚਾਰ ਕਰਦੇ ਹਨ, ਨਾਲ ਮਿਲਕੇ ਪੰਜ ਜਾਂ ਸੱਤ ਹਥਣੀਆਂ ਜੰਗਲੀ ਹਾਥੀਆਂ ਨੂੰ ਰਸਿਆਂ ਨਾਲ ਬਨ੍ਹਣ ਦੀ ਮਦਦ ਦੇ ਲਈ ਅਤੇ ਉਨ੍ਹਾਂ ਦੇ ਰਾਹੀਂ ਛਡੇ ਗਏ ਪਿਸ਼ਾਬ ਅਤੇ ਗੋਹੇ ਦੇ ਰਸਤੇ ਦਾ ਪੂਰਾ ਖੋਜ ਲਭਣ ਲਈ ਮਦਦ ਲੈਂਦੇ ਹਨ ।

ਯਹੂਦੀ ਸੂਤਰਾਂ ਅਨੁਸਾਰ ਮੌਰੀਆ ਮਹਾ ਰਾਜਿਆਂ (ਸ਼ਾਸਕਾਂ) ਕੋਲ ਹਰ ਵਕਤ 6,00,000 ਪੈਦਲ ਫੋਜੀ, 30,000 ਘੋੜ ਸਵਾਰ ਅਤੇ 9,000 ਹਾਥੀ ਸਨ । ਕੁਝ ਇਤਿਹਾਸਕਾਰ ਇਨ੍ਹਾਂ ਵੇਰਵਿਆਂ ਨੂੰ ਅੱਤਕਥਨੀ ਕਹਿੰਦੇ ਹਨ ।

(32.1) *ਅਰਥਸ਼ਾਸਤਰ* ਦੇ ਲੇਖਕ ਕੌਣ ਹਨ ? *1*

(32.2) ਜੰਗਲ ਵਿਚ ਹਾਥੀਆਂ ਦਾ ਪਤਾ ਕਿਵੇਂ ਲਗਾਇਆ ਜਾਂਦਾ ਹੈ ? *1*

(32.3) ਮੋਰੀਆ ਸ਼ਾਸਕਾਂ ਰਾਹੀਂ ਹਾਥੀਆਂ ਨੂੰ ਕਿਉਂ ਪਕੜਿਆ ਜਾਂਦਾ ਸੀ ? *2*

**33.** ਹੇਠ ਲਿੱਖੇ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਉਸਦੇ ਹੇਠ ਦਿਤੇ ਪ੍ਰਸ਼ਨਾਂ ਦੇ ਉੱਤਰ ਲਿੱਖੋ : *1+1+2=4*

**''ਅੰਗ੍ਰੇਜ਼ ਤਾਂ ਚਲੇ ਗਏ, ਪਰ ਆਪਣੀਆਂ ਸ਼ਰਾਰਤਾਂ ਪਿਛੇ ਛੱਡ ਗਏ ਹਨ''**

ਸਰਦਾਰ ਵੱਲਭ ਭਾਈ ਪਟੇਲ ਕਹਿੰਦੇ ਹਨ :

ਇਹ ਕਹਿਣ ਦਾ ਕੋਈ ਮਤਲਬ ਨਹੀਂ ਹੈ ਕਿ ਅਸੀਂ ਵੱਖੋ ਵੱਖ ਚੋਣ-ਖੇਤਰਾਂ ਦੀ ਮੰਗ ਕਰੀਏ । ਕਿਉਂਕਿ ਇਹ ਸਾਡੇ ਲਈ ਚੰਗਾ ਹੈ । ਅਸੀਂ ਇਸ ਦੇ ਲਈ ਬਹੁਤ ਪਹਿਲੇ ਵੀ ਸੁਣਿਆ ਹੈ । ਅਸੀਂ ਇਸ ਦੇ ਬਾਰੇ ਕਈ ਵਾਰ ਸੁਣਿਆ ਹੈ ਅਤੇ ਇਸ ਅੰਦੋਲਨ ਦੇ ਕਾਰਨ ਅਸੀਂ ਇਕ ਵਖਰਾ ਦੇਸ਼ ਹਾਂ... । ਕੀ ਤੁਸੀਂ ਮੈਨੂੰ ਅਜੇਹਾ ਕੋਈ ਅਜ਼ਾਦ ਦੇਸ਼ ਦਿਖਲਾ ਸਕਦੇ ਹੋ ਜਿੱਥੇ ਵੱਖੋ ਵੱਖ ਚੋਣ ਹਲਕੇ ਹਨ ? ਜੇ ਅਜੇਹਾ ਹੈ, ਤਾਂ ਮੈਂ ਵੀ ਤਿਆਰ ਹੋਵਾਂਗਾ ਇਸ ਨੂੰ ਮੰਨਣ ਦੇ ਲਈ । ਪਰ ਜੇਕਰ ਇਕ ਬਦਨਸੀਬ ਦੇਸ਼ ਵੰਡ ਦੇ ਪਿਛੋ ਵੀ ਵਖੋ ਵੱਖ ਚੋਣ ਹਲਕੀਆਂ ਦੀ ਵਿਵਸਥਾ ਬਣਾਈ ਗਈ ਤਾਂ ਇਥੇ ਜੀਣ ਦਾ ਕੋਈ ਮਤਲਬ ਨਹੀਂ ਹੋਵੇਗਾ । ਇਸ ਲਈ ਮੈਂ ਕਹਾਂਗਾ, ਇਸ ਵਿਚ ਸਿਰਫ ਮੇਰਾ ਭਲਾ ਨਹੀਂ ਹੈ, ਇਸ ਵਿਚ ਤੁਹਾਡਾ ਵੀ ਭਲਾ ਹੈ, ਮੈਂ ਇਹ ਕਹਾਂਗਾ ਕਿ ਪਿਛਲਾ ਸਮਾਂ ਭੁੱਲ ਜਾਓ । ਅਸੀਂ ਇਕ ਦਿਨ ਇੱਕਠੇ ਹੋ ਸਕਦੇ ਹਾਂ... । ਬ੍ਰਿਟਿਸ਼ (ਅੰਗ੍ਰੇਜ਼ੀ) ਤੱਤ ਜਾ ਚੁਕਾ ਹੈ ਪਰ ਉਨ੍ਹਾਂ ਨੇ ਆਪਣੀ ਸ਼ਰਾਰਤ ਪਿੱਛੇ ਛੱਡ ਦਿੱਤੀ ਹੈ । ਅਸੀਂ ਇਸ ਸ਼ਰਾਰਤ ਨੂੰ ਚਿਰ ਸਥਾਈ ਨਹੀਂ ਰਹਿਣ ਦੇਣਾ ਚਾਹੁੰਦੇ । (ਸੁਣੋ, ਸੁਣੋ) । ਜਦੋਂ ਅੰਗ੍ਰੇਜ਼ਾ ਨੇ ਇਸ ਤੱਤ ਨੂੰ ਅਗੇ ਲਿਆਂਦਾ ਸੀ ਤਾਂ ਉਨ੍ਹਾਂ ਨੂੰ ਇਹ ਉਮੀਦ ਨਹੀਂ ਸੀ ਕਿ ਉਨ੍ਹਾਂ ਨੂੰ ਇਤਨੀ ਜਲਦੀ ਇਥੋਂ ਜਾਣਾ ਪਏਗਾ । ਉਹ ਆਪਣੀ ਅਸਾਨ ਪ੍ਰਸ਼ਾਸਨ ਦੇ ਲਈ ਇਹ ਚਾਹੁੰਦੇ ਸਨ । ਇਹ ਬਿਲਕੁਲ ਠੀਕ ਹੈ ਕਿ ਉਹ ਆਪਣਾ ਵਿਰਸਾ ਪਿੱਛੇ ਛੋੜ ਗਏ ਸਨ । ਕੀ ਅਸੀਂ ਇਸ ਤੋਂ ਬਾਹਰ ਨਿਕਲਣਾ ਹੈ ਜਾਂ ਨਹੀਂ ?

(33.1) ਵੱਖੋ ਵੱਖ ਚੋਣ ਹਲਕਿਆਂ ਦੇ ਅਰਥ ਦਾ ਵਰਣਨ ਕਰੋ । *1*

(33.2) ਸਰਦਾਰ ਪਟੇਲ ਨੇ ਏਕਤਾ ਉਪਰ ਜ਼ੋਰ ਕਿਉਂ ਦਿਤਾ ? *1*

(33.3) ਵੱਖੋ ਵੱਖ ਚੋਣ ਹਲਕਿਆਂ ਨੂੰ ਅੰਗ੍ਰੇਜ਼ਾ ਦੀ ਸ਼ਰਾਰਤ ਕਿਉਂ ਮੰਨਿਆ ਗਿਆ ? *2*

## ਖੰਡ ਙ

## (ਮਾਨਚਿੱਤਰ–ਅਧਾਰਿਤ ਪ੍ਰਸ਼ਨ) *5*

**34.** (34.1) **ਭਾਰਤ** ਦੇ ਦਿੱਤੇ ਗਏ ਰਾਜਨੀਤਕ ਰੇਖਾ–ਮਾਨਚਿੱਤਰ (ਪੰਨਾ 15 ਤੇ) ਵਿਚ ਹੇਠ ਲਿਖਿਆਂ ਨੂੰ ਢੁਕਵੇਂ ਚਿਹਨਾਂ ਨਾਲ ਦਰਸਾਓ ਅਤੇ ਉਨ੍ਹਾਂ ਦੇ ਨਾਮ ਲਿੱਖੋ : *3×1=3*

(i) ਮਥੁਰਾ – ਅਸ਼ੋਕ ਦੇ ਸ਼ਿਲਾਲੇਖਾਂ ਦਾ ਇਕ ਸਥਾਨ ।

(ii) ਰਾਜਗੀਰ – ਮਗਧ ਦੇ ਪ੍ਰਾਚੀਨ ਰਾਜ ਦੀ ਰਾਜਧਾਨੀ ।

(iii) (a) ਚੰਦਰਗਿਰਿ – ਅਰਾਵਿਡੂ ਵੰਸ਼ ਦਾ ਸ਼ਾਸਨ ਖੇਤਰ ।

**ਜਾਂ**

(iii) (b) ਦਿੱਲੀ – ਮੁਗਲ ਸਮਰਾਜ ਦੀ ਰਾਜਧਾਨੀ

(34.2) ਇਸ ਹੀ ਰਾਜਨੀਤਿਕ ਰੇਖਾ–ਮਾਨਚਿੱਤਰ ਵਿਚ 1857 ਦੀ ਬਗਾਵਤ ਦੇ ਦੋ ਕੇਂਦਰਾਂ ਨੂੰ A ਅਤੇ B ਨਾਲ ਦਰਸਾਇਆ ਗਿਆ ਹੈ । ਇਨ੍ਹਾਂ ਨੂੰ ਪਛਾਣੋ ਅਤੇ ਇਨ੍ਹਾਂ ਦੇ ਨਜ਼ਦੀਕ ਖਿੱਚੀਆ ਗਈਆਂ ਰੇਖਾਵਾਂ ਉਪਰ ਉਨ੍ਹਾਂ ਦੇ ਸਹੀ ਨਾਮ ਲਿਖੋ । *2*

***ਨੋਟ:*** *ਹੇਠ ਲਿਖੇ ਪ੍ਰਸ਼ਨ ਸਿਰਫ* ***ਦਰਿਸ਼ਟੀ ਵਿਕਲਾਂਗ ਪ੍ਰੀਖਿਆਰਥੀਆਂ*** *ਦੇ ਲਈ ਪ੍ਰਸ਼ਨ ਸੰਖਿਆ* ***34*** *ਦੇ ਥਾਂ ਉਪਰ ਬਦਲਵੇ ਪ੍ਰਸ਼ਨ ਹਨ :*

(34.1) ਅਸ਼ੋਕ ਦੇ ਸ਼ਿਲਾਲੇਖਾਂ ਦੇ ਕਿਸੇ ਇਕ ਸਥਾਨ ਦਾ ਨਾਮ ਲਿਖੋ । *1*

(34.2) ਮਗਧ ਰਾਜ ਦੀ ਰਾਜਧਾਨੀ ਨਗਰ ਕਿਹੜਾ ਸੀ ? *1*

(34.3) (a) ਸੰਗਮ ਵੰਸ਼ ਦੇ ਸ਼ਾਸਨ ਦੀ ਰਾਜਧਾਨੀ ਦਾ ਨਾਮ ਲਿਖੋ । *1*

**ਜਾਂ**

(34.3) (b) ਉੱਤਰ ਪ੍ਰਦੇਸ਼ ਵਿਚ ਮੁਗਲ ਸਾਮਰਾਜ ਦੀ ਕਿਸੇ ਇਕ ਰਾਜਧਾਨੀ ਦਾ ਨਾਮ ਲਿਖੋ । *1*

(34.4) 1857 ਦੇ ਵਿਦਰੋਹ (ਬਗਾਵਤ) ਦੇ ਕਿਸੇ ਦੋ ਕੇਂਦਰਾ ਦੇ ਨਾਮ ਲਿਖੋ । *2*

ਪ੍ਰਸ਼ਨ ਸੰ. 34 ਦੇ ਲਈ

ਭਾਰਤ ਦਾ ਰੇਖਾ–ਮਾਨਚਿੱਤਰ (ਰਾਜਨੀਤਕ)

**Outline Map of India (Political)**

